# ਵਿਦਿਅਕ ਟੂਰ/ਸੈਰ-ਸਪਾਟੇ ਦੀ ਆਗਿਆ ਸੰਬੰਧੀ ਸਕੂਲ ਮੁਖੀ ਨੂੰ ਪੱਤਰ

ਸੇਵਾ ਵਿਖੇ

ਮੁੱਖ-ਅਧਿਆਪਕ ਜੀ,
ਸਰਕਾਰੀ ...... ਸਕੂਲ,
.............।

ਸ੍ਰੀਮਾਨ ਜੀ,

ਬੇਨਤੀ ਹੈ ਕਿ ਅਸੀਂ ਅੱਠਵੀਂ ਸ਼੍ਰੇਣੀ ਦੇ ਵਿਦਿਆਰਥੀ ਆਉਂਦੇ ਸ਼ਨਿੱਚਰ ਵਾਰ ਚੰਡੀਗੜ੍ਹ ਟੂਰ 'ਤੇ ਜਾਣਾ ਚਾਹੁੰਦੇ ਹਾਂ।

ਚੰਡੀਗੜ੍ਹ ਅਸੀਂ ਕੁਝ ਥਾਵਾਂ ਦੇਖਣੀਆਂ ਚਾਹੁੰਦੇ ਹਾਂ, ਜਿਵੇਂ : ਸਕੱਤਰੇਤ, ਵਿਧਾਨ ਸਭਾ ਭਵਨ, ਹਾਈ ਕੋਰਟ, ਰੋਜ਼ ਗਾਰਡਨ, ਰੌਕ-ਗਾਰਡਨ, ਸੁਖਨਾ ਝੀਲ, ਮਿਊਜ਼ੀਅਮ ਆਦਿ। ਚੰਡੀਗੜ੍ਹ ਤੋਂ ਆਉਂਦੇ ਸਮੇਂ ਅਸੀਂ ਛੱਤ-ਬੀੜ ਵੀ ਦੇਖਾਂਗੇ।

ਆਸ ਹੈ ਕਿ ਆਪ ਸਾਨੂੰ ਇਸ ਟੂਰ ਤੇ ਜਾਣ ਦੀ ਇਜਾਜ਼ਤ ਦੇਵੋਗੇ। ਸਾਡੇ ਨਾਲ ਸਾਡੇ ਪੰਜਾਬੀ ਦੇ ਅਧਿਆਪਕ ਜੀ ਨੇ ਜਾਣਾ ਸਵੀਕਾਰ ਕਰ ਲਿਆ ਹੈ।

ਅਸੀਂ ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

ਆਪ ਜੀ ਦੇ ਆਗਿਆਕਾਰੀ,
ਅੱਠਵੀਂ ਕਲਾਸ ਦੇ
ਵਿਦਿਆਰਥੀ।

ਮਿਤੀ: ..................